International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

# ਅੰਮ੍ਰਿਤਸਰ ਦੇ ਗੁਰਦੁਆਰਿਆਂ ਦਾ ਇਤਿਹਾਸ

*Pooja Prashar*

*HOD, Dept. of History, Dev Samaj College for Women, Ferozepur city, Punjab, India.*

*Simranjit Kaur*

*Student, Dev samaj Collage For women, Ferozepur city, Punjab, India.*

**Abstract**

ਇਹ ਜਗ ਜਾਹਿਰ ਹੈ ਕਿ ਅੰਮ੍ਰਿਤਸਰ ਪੰਜਾਬੀਅਤ ਦੀ ਹੋਂਦ ਦਾ ਇੱਕ ਮੁੱਖ ਸਰੋਤ ਹੈ। ਜਦੋਂ ਵੀ ਪੰਜਾਬ ਜਾਂ ਪੰਜਾਬੀਅਤ ਦੀ ਗੱਲ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਹੁੰਦੀ ਹੈ ਤਾਂ ਉਹ ਬਿਨ੍ਹਾ ਅੰਮ੍ਰਿਤਸਰ ਪੂਰੀ ਨਹੀਂ ਹੁੰਦੀ। ਅੰਮ੍ਰਿਤਸਰ ਆਪਣੀ ਭੂਗੋਲਿਕ ਸਥਿਤੀ ਦੇ ਕਾਰਨ ਇਕ ਧਾਰਮਿਕ ਤੇ ਰਾਜਨੀਤਿਕ ਗੜ੍ਹ ਰਿਹਾ ਹੈ, ਪਰੰਤੂ ਇਸ ਦੀ ਸਭ ਤੋ ਜਿਆਦਾ ਮਹੱਤਤਾ ਪੰਜਾਬ ਦੇ ਇਤਿਹਾਸ ਵਿੱਚ ਹੈ। ਜਦੋਂ ਵਿਦਿਆਰਥੀ ਪੰਜਾਬ ਦਾ ਇਤਿਹਾਸ ਪੜਦੇ ਹਨ ਤਾਂ ਸਭ ਤੋਂ ਪਹਿਲਾਂ ਉਹ ਅੰਮ੍ਰਿਤਸਰ ਬਾਰੇ ਜਾਣਦੇ ਹਨ। ਮੈਂ ਆਪਣੇ ਇਸ ਸੋਧ-ਪੱਤਰ ਦੇ ਮਾਧਿਅਮ ਨਾਲ ਅੰਮ੍ਰਿਤਸਰ ਦੇ ਮੁੱਖ ਗੁਰਦੁਆਰਿਆਂ ਦੀ ਭਵਨ ਕਲਾ ਅਤੇ ਇਤਿਹਾਸਿਕ ਮਹੱਤਤਾ ਨੂੰ ਦੱਸਣ ਦੀ ਕੋਸ਼ਿਸ ਕਰ ਰਹੀ ਹਾ 'ਤੇ ਮੈਨੂੰ ਉਮੀਦ ਹੈ ਕਿ ਮੈਂ ਆਪਣੀ ਕੋਸ਼ਿਸ ਵਿੱਚ ਕਾਫੀ ਹੱਦ ਤੱਕ ਸਫਲ ਹੋਵਾਂਗੀ ਤੇ ਪੜਨ ਵਾਲਿਆਂ ਵਾਸਤੇ ਇੱਕ ਨਵੀਂ ਜਾਣਕਾਰੀ ਦੱਸ ਪਾਵਾਂਗੀ ।

**keywoards :** ਗੁਰੂ ਦਾ ਬਾਜ਼ਾਰ, ਧਰਮਸ਼ਾਲਾ, ਕੱਟੜਾ

**Introduction :** ਸੰਸਾਰ ਭਰ ਵਿੱਚ ਸਿੱਖ ਧਰਮ ਦੇ ਤੇ ਅੰਤਰਰਾਸ਼ਟਰੀ ਵਪਾਰਿਕ ਕੇਂਦਰ ਨਾਲ ਪ੍ਰਸਿੱਧ ਅੰਮ੍ਰਿਤਸਰ ਸ਼ਹਿਰ ਦੀ ਇਤਿਹਾਸਕ ਤੇ ਧਾਰਮਿਕ ਮਹਾਨਤਾ ਜਾਨਣ ਲਈ ਇਹ ਜਰੂਰੀ ਹੈ ਕਿ ਇਸ ਵਪਾਰਕ ਤੇ ਭਵਨ-ਨਿਰਮਾਣ ਕਲਾ ਦੇ ਕੇਂਦਰ ਅੰਮ੍ਰਿਤਸਰ ਨਗਰ ਦੀ ਮੁੱਢਲੀ ਜਾਣਕਾਰੀ ਨੂੰ ਵਿਚਾਰਿਆ ਜਾਵੇ। ਅੰਮ੍ਰਿਤਸਰ ਬਾਰੇ ਬਹੁਤ ਸਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ **- ਜੇ.ਐੱਸ ਗਰੇਵਾਲ ਅਨੁਸਾਰ,** " ਅੰਮ੍ਰਿਤਸਰ ਦਾ ਸਭ ਤੋਂ ਪਹਿਲਾ ਨਾਮ 'ਚੱਕ ਰਾਮਦਾਸ ' ਸੀ। 'ਚੱਕ' ਦਾ ਅਰਥ ਮੁਗਲ ਬਾਦਸ਼ਾਹ ਅਕਬਰ ਦੁਆਰ ਦਿੱਤੀ ਗਈ ਮਾਮਲਾ ਮੁਕਤ ਜਮੀਨ ਤੋਂ ਹੈ। " **ਪ੍ਰੋ. ਕਰਤਾਰ ਸਿੰਘ ਅਨੁਸਾਰ** ,"1574 ਈ: ਵਿੱਚ ਗੁਰੂ ਰਾਮਦਾਸ ਜੀ ਆਪਣੇ ਪਰਿਵਾਰ ਸਮੇਤ ਗੁਰੂ ਦਾ ਚੱਕ' ਵਿਖੇ ਜਾ ਵਸੇ, 1577ਈ: ਵਿੱਚ ਉਨ੍ਹਾ ਤੁੰਗ ਪਿੰਡ ਦੇ ਜਿਮੀਦਾਰਾਂ ਪਾਸੋਂ 700 ਅਕਬਰੀ ਦੇ ਕੇ ਇਹ ਜਮੀਨ ਲਈ 1 ਉਨ੍ਹਾਂ ਆਪਣੇ ਨਿਵਾਸ ਲਈ ਮਕਾਨ (ਗੁਰੂ ਕਾ ਮਹਿਲ) ਵੀ ਬਣਵਾਇਆ। **ਕਨ੍ਹਈਆ ਲਾਲ (ਤਵਾਰੀਖ - ਏ - ਪੰਜਾਬ) ਅਨੁਸਾਰ,** " ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਹੁਕਮ ਦਿੱਤਾ ਕਿ ਇੱਕ ਵੱਡਾ ਤੀਰਥ ਲਾਹੌਰ ਵੱਲ 25 ਕੋਹ ਦਿੱਤਾ ਉੱਪਰ ਪਿੰਡ 'ਤੁੰਗ' ਤੇ ('ਸਰਾਏਮਖਾਲਾ') ਦੇ ਨੇੜੇ ਲੁਕਿਆ ਹੈ, ਹ ਤੁਸਾਂ ਪ੍ਰਗਟ ਕਰਨਾ ਹੈ। ਉਨ੍ਹਾਂ ਦਾ ਇਹ ਇਸ਼ਾਰਾ ਅੰਮ੍ਰਿਤਸਰ ਵੱਲ ਸੀ। ਇਸ ਨਵੀਂ ਹ ਆਬਾਦੀ ਦਾ ਨਾਮ 'ਚੱਕ ਗੁਰੂ ਦਾ' ਰੱਖਿਆ।" ਗੁਰੂ ਜੀ ਨੇ ਨਗਰ ਆਬਾਦ ਕਰ ਕੇ ਇਸ ਦਾ ਨਾਮ 'ਚੱਕ ਗੁਰੂ ਦਾ ' ਜਾਂ 'ਰਾਮਦਾਸਪੁਰ' ਰੱਖਿਆ।

ਇਸ ਇਤਿਹਾਸਿਕ ਨਗਰ ਨੇ ਇੱਕ ਪੂਰਾ ਇਤਿਹਾਸ ਆਪਣੇ ਵਿੱਚ ਸਮੋਇਆ ਹੋਇਆ ਹੈ। ਅੰਮ੍ਰਿਤਸਰ ਨੇ ਆਪਣੀ ਇਸ ਦਹਿਲੀਜ ਦੇ ਉੱਤੋਂ ਦੀ ਹੁੰਦੇ ਹੋਏ ਨਾਦਰਸ਼ਾਹ ਵਰਗੇ ਮਹਾਂ ਪਾਪੀ ਲੁਟੇਰੇ ਨੂੰ ਦਿੱਲੀ ਦਾ ਧਨ ਦੌਲਤ ਤੇ ਮਾਸੂਮ ਲੜਕੀਆਂ ਨੂੰ ਬੰਦੀ ਬਣਾ ਕੇ ਲਾਹੌਰ ਵੱਲ ਲਿਜਾਂਦੇ ਹੋਏ ਦੇਖਿਆ ਨਾਲ ਹੀ ਇਸ ਨਗਰ ਨੇ ਉਹ ਸਮਾਂ ਵੀ ਦੇਖਿਆ ਜਦੋਂ ਗੁਰੂ ਸਾਹਿਬਾਨ ਅਤੇ ਹੋਰ ਮਹਾਨ ਆਤਮਾਵਾਂ ਦੇ ਪਵਿੱਤਰ ਕਦਮ ਇਸ ਧਰਤੀ ਤੇ ਪਏ। ਅੰਮ੍ਰਿਤਸਰ ਨੇ ਆਪਣੀ ਧਰਤੀ ਤੇ ਮੱਸਾ ਰੰਗੜ ਜੇ ਕੁਕਰਮ ਹੁੰਦੇ ਵੀ ਦੇਖੇ। ਇਸ ਧਰਤੀ ਨੇ ਜਿੱਥੇ ਇੱਕ ਪਾਸੇ ਅਹਿਮਦ ਸ਼ਾਹ ਅਬਦਾਲੀ ਤੇ ਉਸ ਦੇ ਪੁੱਤਰ ਤੈਮੂਰ ਸ਼ਾਹ ਅਦੇ ਨਾਪਾਕ ਹੱਥਾ ਤੋਂ ਹਰਿਮੰਦਰ ਸਾਹਿਬ ਨੂੰ ਢਹਿ ਢੇਰੀ ਹੁੰਦੇ ਦੇਖਿਆ, ਉੱਥੇ ਦੂਸਰੇ ਪਾਸੇ ਇਸ ਨੇ ਆਪਣੀ ਪ੍ਰਤਿੱਗਿਆ ਪੂਰੀ ਕਰਨ ਲਈ ਸ਼ਹੀਦ ਹੁੰਦੇ ਵੀ ਦੇਖਿਆ। ਵਿਦੇਸ਼ੀ ਹਕੂਮਤਾਂ ਨੇ ਕਈ ਵਾਰ ਇਸ ਨੂੰ ਮਿਟਾਉਣ ਦੇ ਯਤਨ ਕੀਤੇ।

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

,ਵਿਦੇਸ਼ੀ ਹਕੂਮਤਾਂ ਸਮੇਂ ਅਲੋਪ ਹੋ ਚੁੱਕਿਆ ਮਹਾਨ ਤੀਰਥ ਅੰਮ੍ਰਿਤਸਰ ਅੱਜ ਇੱਕ ਵਾਰ ਫਿਰ ਤੋਂ ਧਾਰਮਿਕ, ਅਧਿਆਤਮਿਕ, ਰਾਜਨੀਤਿਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਕੇਂਦਰ ਦੇ ਰੂਪ ਵਿੱਚ ਪ੍ਰਸਿੱਧ ਹੋ ਚੁੱਕਿਆ ਹੈ।

ਅੰਮ੍ਰਿਤਸਰ ਵਿੱਚ ਅਨੇਕਾਂ ਪ੍ਰਸਿੱਧ ਗੁਰਦੁਆਰੇ ਹਨ, ਜਿੱਥੇ ਕਿ ਲੋਕਾਂ ਦੀ ਅਥਾਹ ਸ਼ਰਧਾ ਹੈ, ਪਰੰਤੂ ਇਨ੍ਹਾਂ ਗੁਰਦੁਆਰਿਆਂ ਬਾਰੇ ਜਾਂਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਸਾਨੂੰ ਗੁਰਦੁਆਰੇ ਸ਼ਬਦ ਦਾ ਅਸਲ ਅਰਥ ਸਮਝ ਲੈਣਾ ਜਰੂਰੀ ਹੈ। ਗੁਰਦੁਆਰਾ ਸ਼ਬਦ ਦੇ ਨਾਮ ਤੋਂ ਹੀ ਸਪਸ਼ਟ ਹੈ ਗੁਰੂ ਦੁਆਰਾ ਭਾਵ ਗੁਰੂ ਦਾ ਦੁਆਰ ਜਾਂ 'ਗੁਰੂ ਦੇ ਘਰ ਦਾ ਦੁਆਰ'। ਜੇ ਅਸੀਂ ਗੁਰਦੁਆਰਾ ਸ਼ਬਦ ਦਾ ਨਿਰੀਖਣ ਧਿਆਨ ਨਾਲ ਕਰੀਏ ਤਾਂ ਇਸ ਦੀ ਤੁਲਨਾ ਗੁਰੂ ਗ੍ਰੰਥ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਾਲ ਕਰੀਏ ਤਾਂ 'ਗੁਰਦੁਆਰਾ' ਸ਼ਬਦ ਵਿੱਚ 'ਵ' ਅੱਖਰ ਆਵਾਜ਼ ਨਹੀਂ ਆਉਂਦੀ। ਇਸ ਸ਼ਬਦ ਦਾ ਅਸਲ ਉਚਾਰਣ ਹੈ – **'ਗੁਰੂ+ਦੁਆਰਾ'** ਭਾਵ ਗੁਰੂ ਦੇ ਰਾਹੀਂ ਕਿਉਂਕਿ ਹਰੇਕ ਸਿੱਖ ਸਭ ਕੁੱਝ ਆਪਣੇ ਗੁਰੂ ਦੇ ਅਸ਼ੀਰਵਾਦ ਦੁਆਰਾ ਹੀ ਪ੍ਰਾਪਤ ਕਰਦਾ ਹੈ। ਗੁਰਦੁਆਰੇ ਦੀ ਮੁੱਖ ਵਿਸ਼ੇਸਤਾ ਇਸ ਗੱਲ ਵਿੱਚ ਹੈ ਕਿ ਇਸ ਸਥਾਨ ' ਤੇ ਪਵਿੱਤਰ ਧਾਰਮਿਕ ਗ੍ਰੰਥ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ ਦੇਣਾ ਬਹੁਤ ਜਰੂਰੀ ਹੈ। ਸਿੱਖ ਗੁਰੂ ਸਾਹਿਬਾਨਾਂ ਵੱਲੋਂ ਬਹੁਤ ਸਾਰੇ ਗੁਰਦੁਆਰੇ ਸਥਾਪਿਤ ਕੀਤੇ ਗਏ, ਜਿਨ੍ਹਾਂ ਵਿਚੋਂ ਅੰਮ੍ਰਿਤਸਰ ਦੇ ਪ੍ਰਸਿੱਥ ਗੁਰਦੁਆਰਿਆਂ ਦਾ ਵੇਰਵਾ ਇਸ ਪ੍ਰਕਾਰ ਹੈ-

**ਸ੍ਰੀ ਹਰਿਮੰਦਰ ਸਾਹਿਬ (ਗੋਲਡਨ ਟੈਂਪਲ)**

ਅੰਮ੍ਰਿਤਸਰ ਨੂੰ ਅਧਿਆਤਮਕ ਕੇਂਦਰ ਵਜੋਂ ਉਸਾਰਨ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਨਪੇਰੇ ਚਾੜ੍ਹਿਆ ਉਨ੍ਹਾਂ ਕੱਤਕ ਸੁਦੀ 5 ਸੰਮਤ 1645 ਬਿ: ਨੂੰ ਮੁਸਲਮਾਨ ਸੂਫੀ ਸਾਈਂ ਮੀਆਂ ਮੀਰ ਹੱਥੋ ਅੰਮ੍ਰਿਤਸਰ ਸਰੋਵਰ ਦੇ ਮੱਧ ਵਿੱਚ ਹਰਿਮੰਦਰ ਦੀ ਨੀਂਹ ਰਖਵਾਈ 1604 ਈ: ਨੂੰ ਹਰਿਮੰਦਰ ਸਾਹਿਬ ਦਾ ਨਿਰਮਾਣ ਕਾਰਜ ਪੂਰਾ ਹੋ ਗਿਆ। ਹਰਿਮੰਦਰ ਸਾਹਿਬ ਸਰੋਵਰ ਦੇ ਬਿਲਕੁਲ ਵਿਚਕਾਰ65 ਫੁੱਟ ਮੁਰੱਬਾ ਚਬੂਤਰੇ ਉੱਪਰ ਉਸਾਰਿਆ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ 40.5 ਮੁਰੱਬਾ ਫੁੱਟ ਰਕਬੇ ਵਿੱਚ ਹੈ। ਇਸ ਦੇ ਚਾਰ ਦਰਵਾਜੇ ਚਾਰੇ ਦਿਸ਼ਾਵਾਂ ਵੱਲ ਅਤੇ ਚੋਹਾਂ ਵਰਨਾਂ ਲਈ ਹਰ ਸਮੇਂ ਖੁੱਲੇ ਰਹਿਣ ਵਾਲੇ ਹਨ। ਇਸ ਦੇ ਸਰੋਵਰ ਦੀ ਲੰਬਾਈ 500 ਫੁੱਟ ਅਤੇ ਡੂੰਘਾਈ 17 ਫੁੱਟ ਹੈ।

ਬਹੁਤ ਸਾਰੇ ਲੋਕ ਇਸ ਨੂੰ ਸਿੱਖ ਧਰਮ ਦੇ ਉੱਪਰ ਹਿੰਦੂ ਧਰਮ ਦਾ ਪਰਛਾਵਾਂ ਵੀ ਮੰਨਦੇ ਹਨ, ਜੋ ਇੱਕ ਬਹਿਸ ਦਾ ਵਿਸ਼ਾ ਹੈ। ਮਾਰਚ 2005 ਵਿੱਚ ਅਫ਼ਸਰੀ ਤੌਰ ਤੇ ਗੋਲਡਨ ਟੈਂਪਲ ਦਾ ਨਾਮ 'ਹਰਿਮੰਦਰ ਸਾਹਿਬ' ਰੱਖ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਹਰਿਮੰਦਰ ਸਾਹਿਬ ਨੂੰ **'ਅਠਸਠਿ ਤੀਰਥ'** ਕਿਹਾ ਹੈ। ਅਹਿਮਦ ਸਾਹ ਅਬਦਾਲੀ ਨੇ 1762 ਈ: ਵਿਚ ਇਸ ਉੱਪਰ ਹਮਲੇ ਕੀਤੇ। ਮਹਾਰਾਜਾ ਰਣਜੀਤ ਸਿੰਘ ਨੇ 1809 ਈ: ਵਿੱਚ ਇਸ ਨੂੰ ਸੰਗਮਰਮਰ ਅਤੇ ਤਾਂਬੇ ਦੇ ਨਾਲ ਬਣਵਾਇਆ, ਜਿਸਨੂੰ 1830ਈ ਵਿਚ ਸੋਨਾ ਚੜਾਇਆ ਗਿਆ ਅਤੇ ਇਸ ਦਾ ਨਾਮ **'ਗੋਲਡਨ ਟੈਂਪਲ'** ਰੱਖਿਆ ਗਿਆ। **ਟ੍ਰਾਂਸਟਮੇਸ਼ਨ ਆਫ ਸਿੱਖਇਜਮ** ਵਿੱਚ ਲਿਖਿਆ ਹੈ ਕਿ "ਪਵਿੱਤਰ ਸਰੋਵਰ ਅਤੇ ਹਰਿਮੰਦਰ ਦੀ ਉਸਾਰੀ ਪਿੱਛੋਂ ਭ੍ਰਾਂਤ ਦੀ ਸਿੱਖ ਰਾਜਨੀਤੀ ਬਣ ਗਿਆ, ਜਿਸ ਦਾ ਸੱਚਾ ਪਾਤਸ਼ਾਹ ਗੁਰੂ ਆਪ ਸੀ।"

**ਹਰਿਮੰਦਰ ਦੀ ਪ੍ਰਕਰਮਾ ਵਿਚਲੇ ਦਰਸ਼ਨ ਸਥਾਨ**

ਹਰਿਮੰਦਰ ਸਾਹਿਬ ਦੇ ਪਿਛਲੇ ਪਾਸੇ ਪਉੜੀਆਂ ਵਾਲਾ ਘਾਟ ਦਾ ਨਾਮ **'ਹਰਿ ਕੀ ਪਉੜੀ'** ਹੈ। ਸੰਨ 1577 ਈ: ਵਿੱਚ ਸਰੋਵਰ ਦੀ ਖੁਦਾਈ ਗੁਰੂ ਰਾਮਦਾਸ ਜੀ ਨੇ ਇਸ ਅਸਥਆਨ ਤੋਂ ਸ਼ੁਰੂ ਕਰਵਾਈ ਸੀ । ਇੱਥੋ ਹਰਿਮੰਦਰ ਸਾਹਿਬ ਤਿਆਰ ਹੋਣ ਪਿੱਛੋਂ ਗੁਰੂ ਅਰਜਨ ਦੇਣ ਨੇ ਆਪ ਪਹਿਲਾਂ ਸਰੋਵਰ ਤੋਂ ਅੰਮ੍ਰਿਤ ਲਿਆ। ਉਸ ਸਮੇਂ ਤੋਂ ਇਹ ਮਰਯਾਦਾ ਚੱਲੀ ਆ ਰਹੀ ਹੈ ਕਿ ਜਦ ਵੀ ਕੋਈ ਗੁਰੂ ਘਰ ਦਾ ਪ੍ਰੇਮੀ ਹਰਿਮੰਦਰ ਸਾਹਿਬ ਦਰਸ਼ਨ ਕਰਕੇ ਤੇ ਮੱਥਾ ਟੇਕ ਕੇ ਪ੍ਰਕਰਮਾ ਕਰਦਿਆਂ ਪਿਛਲੇ ਪਾਸੇ ਜਾਦਾ ਹੈ ਤਾ **'ਹਰਿ ਕੀ ਪਉੜੀ '** ਤੋਂ ਜਰੂਰ ਹੀ ਅੰਮ੍ਰਿਤ ਦਾ ਚੁਲਾ ਲੈਂਦਾ ਹੈ।

ਹਰਿਮੰਦਰ ਦੀ ਪ੍ਰਕਰਮਾਂ ਵਿੱਚ ਹੀ **'ਦੁੱਖ ਭੰਜਨੀ ਬੇਰੀ'** ਦਾ ਸਰੋਵਰ ਕਿਨਾਰੇ ਸਥਾਨ ਹੈ, ਜਿੱਥੇ ਇੱਕ ਇਤਿਹਾਸਿਕ ਕਥਾ ਅਨੁਸਾਰ ਰਜਨੀ ਦੇ ਕੋਹੜੀ ਪਤੀ ਦਾ ਇਸ਼ਨਾਨ ਕਰਨ ਨਾਲ ਕੋਹੜ ਦਰ ਹੋ ਗਿਆ ਸੀ ਤੇ ਅੱਜ ਉੱਥੇ ਇਸ਼ਨਾਨ ਨੂੰ ਵਿਸ਼ੇਸ ਮਹੱਤਤਾ ਦਿੱਤੀ ਜਾਂਦੀ ਹੈ।

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

'ਅਠਸਠਿ ਤੀਰਥ' ਦੁਖਭੰਜਨੀ ਤੇ ਖੜਾ ਸਾਹਿਬ ਦੇ ਪਾਸ ਇੱਕ ਖਾਸ ਸਥਾਨ ਹੈ, ਜਿੱਥੇ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿੱਚ ***'ਅਠਸਠਿ ਤੀਰਥ ਜਹਿ ਸਾਧ ਪਗ ਧਰਹਿ'*** ਸ਼ਬਦ ਉਚਾਰਿਆ ਸੀ।ਇਹ 67 ਹੱਥ ਹੀ ਚੌੜਾ ਹੈ। ਗੁਰੂ ਅਰਜਨ ਦੇਵ ਜੀ ਇੱਥੇ ਬੈਠ ਕੇ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਸੇਵਾ ਕਰਵਾਉਂਦੇ ਸਨ।

ਹਰਿਮੰਦਰ ਦੀ ਪ੍ਰਕਰਮਾ ਵਿਚ **'ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ,'** ਬਾਬਾ ਦੀਪ ਸਿੰਘ ਦੀ ਯਾਦ ਵਿੱਚ ਬਣਿਆ ਹੈ। ਇਤਿਹਾਸ ਵਿੱਚ ਦਰਜ ਹੈ ਕਿ ਬਾਬਾ ਦੀਪ ਸਿੰਘ ਜੀ ਨੇ ਤੈਮੂਰ ਸ਼ਾਹ ਅਤੇ ਜਹਾਨ ਖਾਨ ਤੋਂ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਕੂਚ ਕੀਤੀ ਅਤੇ ਤਰਨਤਾਰਨ ਤੋਂ ਹੁੰਦੇ ਹੋਏ ਮੁਗਲਾਂ ਨਾਲ ਲੜਦੇ ਹੋਏ ਕਾਫ਼ੀ ਅੱਗੇ ਨਿਕਲ ਗਏ ਤਾਂ ਜਮਾਲ ਖਾਂ ਹੱਥੋ ਉਨ੍ਹਾਂ ਦਾ ਸਿਰ ਕੱਟਿਆ ਗਿਆ। ਇਸ ਦੇ ਬਾਵਜੂਦ ਉਙ ਆਪਣਾ ਸੀਸ ਖੱਬੇ ਹੱਥ ਦੀ ਤਲੀ 'ਤੇ ਰੱਖ ਕੇ ਚਾਟੀਵਿੰਡ ਪਹੁੰਚੇ। ਉੱਥੇ ਉਨ੍ਹਾ ਆਪਣਾ ਸੀਸ ਹਰਿਮੰਦਰ ਦੀ ਪ੍ਰਕਰਮਾਂ ਵਿੱਚ ਭੇਟ ਕੀਤਾ, ਜਿੱਥੇ ਉਨ੍ਹਾਂ ਦੀ ਯਾਦ ਵਿੱਚ ਪ੍ਰਕਰਮਾ ਵਿੱਚ ਇਹ ਗੁਰਦੁਆਰਾ ਬਣਿਆ ਹੋਇਆ ਹੈ।

ਅਕਾਲ ਤਖ਼ਤ ਦੇ ਸਾਹਮਣੇ **'ਦਰਸ਼ਨੀ ਡਿਉਢੀ'** ਸਥਿੱਤ ਹੈ। ਜਿੱਥੋਂ ਨਿਕਲ ਕੇ ਹਰਿਮੰਦਰ ਦੇ ਦਰਸਨ ਲਈ ਜਾਇਆ ਜਾਂਦਾ ਹੈ। ਇਸ ਦੀ ਲੰਬਾਈ 66 ਫੁੱਟ ਅਤੇ ਚੌੜਾਈ 36 ਫੁੱਟ ਹੈ। ਦਰਸਨੀ ਦਰਵਾਜੇ ਦੇ ਸੱਜੇ ਹੱਥ ਵੱਲ ਮੌਜੂਦ ਲਾਚੀਆਂ ਜਿਹੇ ਬੇਰ ਲੱਗਣ ਵਾਲੀ ਬੇਰੀ ਨੂੰ **'ਲਾਚੀ ਬੇਰੀ'** ਕਿਹਾ ਜਾਂਦਾ ਹੈ। ਇਸ ਬੇਰੀ ਨਾਲ 1740 ਈ: ਵਿਚ ਮੱਸਾ ਰੰਘੜ ਦਾ ਸਿਰ ਕੱਟ ਕੇ ਨੇਜੇ ਤੇ ਟੰਗਣ ਤੋਂ ਪਹਿਲਾਂ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਆਪਣੇ ਘੋੜੇ ਬੰਨੇ ਸਨ। ਸਰੋਵਰ ਦੀ ਕਾਰ ਸੇਵਾ ਵੇਲੇ ਗੁਰੂ ਅਰਜਨ ਦੇਵ ਜੀ ਅਤੇ ਭਾਈ ਸਾਲੋ ਇਸੇ ਬੇਰੀ ਦੇ ਹੇਠਾਂ ਹੈਠ ਕੇ ਨਿਗਰਾਨੀ ਕਰਦੇ ਸਨ। ਇਸ ਨੂੰ **'ਭਾਈ ਸਾਲੋ ਦੀ ਬੇਰੀ'** ਵੀ ਕਿਹਾ ਜਾਂਦਾ ਹੈ। ' ਨਾਲ ਹੀ **'ਬੇਰੀ ਬਾਬਾ ਬੁੱਢਾ ਜੀ'** ਵੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਮੌਜੂਦ ਹੈ। ਬਾਬਾ ਬੁੱਢਾ ਜੀ ਅੰਮ੍ਰਿਤਸਰ ਅਤੇ ਹਰਿਮੰਦਰ ਦੀ ਕਾਰ ਸੇਵਾ ਵੇਲੇ ਇੱਥੇ ਬੈਠ ਕੇ ਦੀਵਾਨ ਲਗਾਇਆ ਕਰਦੇ ਸਨ।

ਦੁਖਭੰਜਨੀ ਬੇਰੀ ਦੇ ਨਾਲ ਥੜਾ ਮੌਜੂਦ ਹੈ। ਸਰੋਵਰ ਦੀ ਕਾਰ ਸੇਵਾ ਵੇਲੇ ਗੁਰੂ ਰਾਮਦਾਸ ਜੀ ਅਤੇ ਉਹਨਾਂ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਇੱਥੇ ਬੈਠਦੇ ਸਨ। ਇਸ ਤੋਂ ਇਲਾਵਾ ਪ੍ਰਕਰਮਾ ਵਿੱਚ ਇੱਕ ਹੋਰ ਥੜਾ ਮੌਜੂਦ ਹੈ ।ਜਦੋ ਗੁਰੂ ਤੇਗ ਬਹਾਦਰ ਅੰਮ੍ਰਿਤਸਰ ਵਿਖੇ ਹਰਿਮੰਦਰ ਦੇ ਦਰਸਨਾਂ ਲੱ ਆਏ ਤਾਂ ਪੁਜਾਰੀਆਂ ਇਹ ਸੋਚ ਕੇ ਕਿ ਕਿਤੇ ਉਹ ਹਰਿਮੰਦਰ

ਸਾਹਿਬ ਤੇ ਕਬਜਾ ਨਾ ਕਰ ਲੈਣ, ਹਰਿਮੰਦਰ ਸਾਹਿਬ ਦੇ ਦਰਵਾਜੇ ਬੰਦ ਕਰ ਲਏ। ਗੁਰੂ ਤੇਗ ਬਹਾਦਰ ਇਥੇ ਥੜੇ 'ਤੇ ਬੈਠ ਕੇ ਹਰਿਮੰਦਰ ਦੇ ਬਾਹਰੋਂ ਹੀ ਦਰਸ਼ਨ ਕਰਕੇ ਵਾਪਸ ਚਲੇ ਗਏ। ਇਸ ਸਥਾਨ 'ਤੇ ਬਹੁਤ ਖੂਬਸੂਰਤ ਗੁਰਦੁਆਰਾ ਬਣਿਆ ਹਇਆ ਹੈ।

**ਅਕਾਲ ਤਖਤ:** ਗੁਰੂ ਹਰਗੋਬਿੰਦ ਜੀ ਸਿੱਖਾ ਦੇ ਅਧਇਆਤਮਿਕ ਅਤੇ ਧਾਰਮਿਕ ਕੰਮ ਦੀ ਅਗਵਾਈ ਹਰਿਮੰਦਰ ਸਾਹਿਬ ਤੋਂ ਕਰਦੇ ਸਨ, ਪਰ ਸੰਸਾਰਿਕ ਅਤੇ ਰਾਜਨੀਤੀਕ ਕੰਮਾਂ ਵਿਚ ਅਗਵਾਈ ਦੇਣ ਲਈ ਉਨ੍ਹਾਂ ਨੂੰ ਕਿਸੇ ਹੋਰ ਇੱਕ ਸਥਆਨ ਦੀ ਜਰੂਰਤ ਸੀ। ਇਸ ਲਈ ਹਰਿਮੰਦਰ ਦੇ ਬਿਲਕੁਲ ਸਾਹਮਣੇ ਇੱਕ ਨਵੇਂ ਭਵਨ ਦੀ ਉਸਾਰੀ ਕਰਵਾਈ ਗਈ, ਜਿਸ ਦਾ ਨਾਂ ਉਨ੍ਹਾਂ ਨੇ 'ਅਕਾਲ ਤਖਤ' ਰੱਖਿਆ। ਇਸ ਦਾ ਕੰਮ 1609 ਈ: ਵਿੱਚ ਪੂਰਾ ਹੋਇਆ । ਇਹ ਤਖਤ 14 ਫੁੱਟ ਲੰਬਾ, 8 ਫੁੱਟ ਚੋੜਾ ਤੇ 7 ਫੁੱਟ ਉੱਚਾ ਬਣਾਇਆ ਗਿਆ ਹੈ। ਗੁਰੂ ਜੀ ਇੱਥੇ ਬੈਠ ਕੇ ਸਿੱਖਾਂ ਨਾਲ ਰਾਜਨੀਤੀਕ ਮਾਮਲਿਆ ਉੱਤੇ ਵਿਚਾਰ-ਵਟਾਂਦਰਾ ਕਰਦੇ ਸਨ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਕਾਲ ਤਖ਼ਤ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਬਣਾਵਾਉਣ ਵਿਚ ਗੁਰੂ ਸਾਹਿਬ ਦਾ ਖਾਸ ਮੰਦਵ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਹਰਿਮੰਦਰ ਵਿੱਚ ਬੈਠ ਕੇ ਸਿੱਖ ਰਾਜਨੀਤੀ ਨੂੰ ਨਾ ਭੁੱਲ ਜਾਣ ਅਤੇ ਅਕਾਲ ਤਖਤ ਵਿਖੇ ਬੈਠ ਕੇ ਸਿੱਖ ਧਰਮ ਨੂੰ ਨਾ ਭੁੱਲ ਜਾਣ। ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ, ਕਿ 'ਅਕਾਲ ਤਖਤ' ਬਣਾ ਕੇ ਗੁਰੂ ਜੀ ਨੇ 'ਧਰਮ ਅਤੇ ਰਾਜਨੀਤੀ' ਨੂੰ ਇਕੱਠਾ ਕਰਨ ਦਾ ਯਤਨ ਕੀਤਾ । ਅਕਾਲ ਤਖਤ ਇੱਕ ਭਵਨ ਹੀ ਨਹੀਂ, ਸਗੋ ਹੌਲੀ-ਹੌਲੀ ਸਿੱਖਾਂ ਦੀ ਇੱਕ ਸੰਸਥਾ ਬਣ ਗਿਆ। ਇੱਕ ਵਾਰੀ ਗੁਰਮੱਤਾ ਅਕਾਲਤਖਤ ਤੇ ਪਾਸ ਹੋ ਜਾਂਦਾ ਫਿਰ ਉਸ ਨੂੰ ਨਿਭਾਉਂਣਾ ਹਰ ਸਿੱਖ ਆਪਣਾ ਫਰਜ ਸਮਝਦਾ ਸੀ। ਅਕਾਲ ਤਖਤ ਦੀ ਮਹੱਤਤਾ ਬਾਰੇ **ਡਾਂ ਭਗਤ ਸਿੰਘ ਨੇ ਲਿਖਿਆ** ਹੈ,"ਅਕਾਲ ਤਖਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਅਤੇ ਮੁਗਲ ਸਰਕਾਰ ਦੀਆਂ ਫੌਜਾਂ ਨੇ ਕਈ ਵਾਰ ਬਰਬਾਦ ਕੀਤਾ ਇਸ ਦੀ ਹੁਣ ਦੀ ਇਮਾਰਤ ਦੀ ਪਹਿਲੀ ਮੰਜਿਲ 1774 ਈ: ਵਿੱਚ ਸਿੱਖ ਮਿਸਲਾਂ ਸਮੇਂ ਬਣੀ ਸੀ। ਉਤਲੀਆਂ ਤਿੰਨ ਮੰਜਿਲਾਂ ਮਹਾਰਾਜਾ ਰਣਜੀਤ ਸਿੰਘ ਨੇ

ਬਣਵਾਈਆਂ। ਅਠਾਰਵੀਂ ਸਦੀ ਵਿੱਚ ਅਕਾਲ ਤਖਤ ਸਰਬੱਤ ਖਾਲਸਾ ਦੀਆਂ ਇੱਕਤਰਤਾਵਾਂ ਦਾ ਸਥਾਨ ਬਣਿਆ ਰਿਹਾ। ਇੱਥੇ ਕੀਤੇ ਰਾਜਸੀ ਫੈਸਲਿਆਂ ਨੂੰ ਸਦਾ ਪੰਥ ਵਿੱਚ ਮਾਨਤਾ ਮਿਲਦੀ ਰਹੀ। ਪੰਥ ਦੇ ਉੱਘੇ ਫੈਸਲੇ ਜਾਂ ਗੁਰਮੱਤੇ ਇੱਥੇ ਹੀ ਹੁੰਦੇ ਰਹੇ। ਇੱਥੋ ਜਾਰੀ ਹੋਣ ਵਾਲੇ ਹੁਕਮਨਾਮਿਆਂ ਦਾ ਸਦਾ ਆਦਰ ਹੁੰਦਾ ਰਿਹਾ। ਅਠਾਰ੍ਹਵੀਂ ਸਦੀ ਦੀ ਸਿੱਖ ਰਾਜਨੀਤੀ ਵਿੱਚ ਅਕਾਲ ਤਖ਼ਤ ਦਾ ਬਹੁਤ ਮਹੱਤਵ ਹੈ। ਅਕਾਲ ਤਖ਼ਤ ਉੱਪਰ ਸੋਨੇ ਦੀ ਸੇਵਾ ਸ੍ਰ. ਹਰੀ ਸਿੰਘ ਨਲਵਾ ਨੇ ਕਰਵਾਈ।

**ਹਰਿਮੰਦਰ ਸਾਹਿਬ ਦੇ ਆਸ-ਪਾਸ ਦੇ ਕੁਝ ਹੋਰ ਦਰਸ਼ਨ ਅਸਥਾਨ**

**ਗੁਰਦੁਆਰਾ ਦਰਸ਼ਨੀ ਡਿਉਢੀ:** ਗੁਰੂ ਬਾਜ਼ਾਦ ਨਜਦੀਕ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ **'ਦਰਸ਼ਨੀ ਡਿਉਢੀ** ਹੈ। ਗੁਰੂ ਜੀ ਨੇ ਇਹ ਡਿਉਢੀ ਰਾਮਦਾਸਪੁਰ (ਪੁਰਾਣੇ ਸ਼ਹਿਰ ) ਦੀ ਬਣਵਾਈ ਸੀ। ਉਦੋਂ ਇਸ ਡਿਉਢੀ ਤੋਂ ਦਰਬਾਰ ਸਾਹਿਬ ਵੱਲ ਦੇ ਹਿੱਸੇ ਵਿੱਚ ਆਬਾਦੀ ਨਹੀਂ ਸੀ, ਕੇਵਲ ਗੁਰੂ ਕਾ ਬਾਜ਼ਾਰ ਹੀ ਸੀ। ਇਸ ਗੁਰਦੁਆਰੇ ਦਾ ਬਾਜ਼ਾਰ ਵਿੱਚ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਇੱਥੇ ਦਸ ਪਾਤਸ਼ਾਹੀਆਂ ਦਾ ਸੁਨਹਿਰੀ ਚਿੱਤਰ ਹੈ। ਹਰ ਰੋਜ ਸ਼ਾਮ ਨੂੰ ਸਾਢੇ ਪੰਜ ਵੱਜੇ ਸ਼ਰਧਾਲੂ ਕੀਰਤਨ ਕਰਦੇਂ ਹਨ ਅਤੇ ਹਰ ਸੋਮਵਾਰ ਸ਼ਾਮ 4 ਵਜੇ ਬੀਬੀਆਂ ਵੱਲੋ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ।

ਇਸਦੇ ਨਾਲ ਹੀ **'ਟੋਭਾ ਭਾਈ ਸਾਲੋ'** ਵੀ ਗੁਰੂ ਦਾ ਬਾਜ਼ਾਰ ਦੇ ਕੋਲ ਹੈ। ਇੱਥੇ ਭਾਈ ਸਾਲੋ ਦੀ ਪ੍ਰਾਚੀਨ ਧਰਮਸ਼ਾਲਾ ਵੀ ਹੈ। ਇਸ ਸਥਾਨ ਤੇ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ ਕਈ ਵਾਰ ਸੰਗਤਾਂ ਨੂੰ ਨਿਹਾਲ ਕੀਤਾ ਸੀ।

ਗੁਰਦੁਆਰਾ **'ਚੌਰਸਤੀ ਅਟਾਰੀ'** ਵੀ ਗੁਰੂ ਦੇ ਬਾਜ਼ਾਰ ਦੇ ਆਖਰੀ ਨੁੱਕਰ ਤੇ ਮੌਜੂਦ ਹੈ। ਇਹ ਗੁਰੂ ਹਰਗੋਬਿੰਦ ਜੀ ਦਾ ਗੁਰਦੁਆਰਾ ਹੈ। ਇਹ ਕਿਹਾ ਜਾਂਦਾ ਹੈ ਕਿ ਗੁਰੂ ਦੇ ਮਹਿਲਾਂ ਦੇ ਕੋਲ ਹੋਣ ਕਾਰਨ ਕਈ ਵਾਰ ਗੁਰੂ ਜੀ ਮਹਿਲਾਂ ਤੋਂ ਉੱਠ ਕੇ ਇਸ ਜਗ੍ਹਾ ਤੇ ਆ ਕੇ ਬੈਠ ਜਾਂਦੇ ਸਨ।

ਗੁਰੂ ਕੇ ਮਹਿਲ:- ਗੁਰੂ ਬਾਜਾਰ ਦੇ ਕੋਲ ਹੀ ਇਹ ਗੁਰੂ ਜੀ ਦਾ ਰਿਹਾਂਇਸ਼ੀ ਮਕਾਨ ਹੈ, ਜਿਸਦਾ ਨਿਰਮਾਣ ਗੁਰੂ ਰਾਮਦਾਸ ਜੀ ਨੇ ਸ਼ੁਰੂ ਕਰਵਾਇਆਂ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਮੁਕੰਮਲ ਕੀਤਾ ਗੁਰੂ ਹਰਗੋਬਿੰਦ ਜੀ ਵੀ ਇਥੇ ਨਿਵਾਸ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਦਾ ਜਨਮ ਵੀ ਇੱਥੇ ਹੋਇਆ। ਇਸ ਨੂੰ **'ਗੁਰੂ ਕੇ ਮਹਿਲ'** ਦਾ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਗੁਰਦੁਆਰਾ ਗੁਰੂ ਕੇ ਮਹਿਲ ਕਟੜਾ ਬਾਗ, ਚੌਂਕ ਪਾਸੀਆਂ ਵਿੱਚ ਹੈ। ਗੁਰੂ ਰਾਮਦਾਸ ਜੀ ਨੇ ਨਗਰ ਦੇ ਵਿਚਕਾਰ ਆਪਣੇ ਪਰਿਵਾਰ ਦੀ ਰਹਾਇਸ਼ ਵਾਸਤੇ 18 ਜੂਨ 1573 ਈ:ਨੂੰ ਮੋੜ੍ਹੀ ਗੱਡੀ। ਬਾਬਾ ਬੁੱਢਾ ਜੀ ਨੇ ਕਾਨਿਆ ਦੀ ਛੱਪਰੀ ਤਿਆੜ ਕਰਵਾਈ।1574 ਈ: ਤੋਂ ਗੁਰੂ ਰਾਮਦਾਸ ਜੀ ਆਪਣੇ ਪਰਿਵਾਰ ਬੀਬੀ ਭਾਨੀ ਅਤੇ ਤਿੰਨ ਸਪੁੱਤਰ ਬਾਬਾ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਜੀ ਨਾਲ ਇਸ ਸਥਾਨ'' ਤੇ ਗੁਰੂ ਕੇ ਮਹਿਲ ਵਿਖੇ ਰਹਿਣ ਲੱਗੇ। ਇੱਥੇ ਇੱਕ ਖੂਹ ਵੀ ਬਣਵਾਇਆ ਗਿਆ। ਅੰਮ੍ਰਿਤਸਰ ਵਿਖੇ ਇਹ ਸਭ ਤੋਂ ਪਹਿਲੀ ਰਹਾਇਸ਼ੀ ਇਮਾਰਤ ਬਣਾਈ ਗਈ। ਰਬਾਬੀਆਂ ਦੀ ਰਿਹਾਇਸ਼ ਲਈ ਵੀ ਮਕਾਨ ਉਸਾਰੇ ਗਏ। ਅੱਜ ਵੀ ਇੱਥੇ ਗਲੀ-ਰਬਾਬੀਆਂ ਕਰ ਕੇ ਪ੍ਰਸਿੱਧ ਹੈ।

**ਗੁਰਦੁਆਰਾ ਅਸਥਾਨ ਮਾਈ ਕੋਲਾਂ ਤੇ ਕੌਲਸਰ ਸਾਹਿਬ:-** ਗੁਰਦੁਆਰਾ ਬਾਬਾ ਅਟੱਲ ਰਾਇ ਜੀ ਦੇ ਨਾਲ ਹੀ ਕੌਲਸਰ ਸਰੋਵਰ ਹੈ। ਇਹ ਬੀਬੀ ਕੌਲਾਂ ਜੀ ਦੀ ਯਾਦਗਾਰ ਕਾਇਮ ਰੱਖਣ ਲਈ ਬਣਾਇਆ ਗਿਆ ਸੀ। **'ਰਿਪੋਰਟਰ ਸ੍ਰੀ ਦਰਬਾਰ ਸਾਹਿਬ' ਸਫਾ 290 ਅਨੁਸਾਰ** ਕੌਲਾ ਮੁਜੰਗ ਦੇ ਕਾਜ਼ੀ ਰੁਸਤਮ ਖਾਂ ਦੀ ਖਾਸ ਹੁੰਦੀ ਜੀ। ਕਈ ਇਸ ਨੂੰ ਕਾਜ਼ੀ ਦੀ ਧੀ ਦੱਸਦੇ ਹਨ ਤੇ ਕਈ ਇਤਿਹਾਸਕਾਰ ਕਹਿੰਦੇ ਹਨ ਕਿ ਇਹ ਹਿੰਦੂਆਣੀ ਸੀ ਤੇ ਉਸ ਸਮੇਂ ਦੇ ਰਿਵਾਜ ਅਨੁਸਾਰ ਕਾਜੀ ਨੇ ਆਪਣੀ ਮੁੱਲ ਖਰੀਦੀ ਗੋਲੀ ਬਣਾਈ ਹੋਈ ਸੀ। ਕੌਲਾਂ ਰੱਬ ਨੂੰ ਬਹੁਤ ਹੀ ਯਾਦ ਕਰਨ ਵਾਲੀ ਬੀਬੀ ਸੀ। ਕਾਜ਼ੀ ਹੱਥੋਂ ਤੰਗ ਹੋ ਕੇ ਇਹ ਸਾਂਈ ਮੀਆਂ ਮੀਰ ਦੇ ਰਾਹੀਂ ਗੁਰੂ ਹਰਗੋਬਿੰਦ ਸਾਹਿਬ ਦੀ ਸ਼ਰਨ ਆ ਗਈ। ਗੁਰੂ ਜੀ ਨੇ ਸ਼ਰਨ ਆਈ ਦੀ ਪਾਲਣਾ ਕਰਨ ਲਈ ਆਪਣੇ ਪਾਸ ਰੱਖਿਆ। ਇਹ ਗੁਰੂ ਘਰ ਦੀ ਬੜੀ ਪ੍ਰੇਮਣ ਤੇ ਭਗਤਣੀ ਸੀ। ਇਸ ਦੀ ਖ਼ਾਹਸ ਵੇਖ ਕੇ ਗੁਰੂ ਜੀ ਨੇ ਇਸ ਦੇ ਨਾਮ ਦੀ ਯਾਦਗਾਰ ਕਾਇਮ ਕਰਨ ਲਈ ਕੌਲਸਰ ਨਾਮੀ ਸਰੋਵਰ ਬਣਵਾ ਦਿੱਤਾ। ਪੰਜ ਹਜ਼ਾਰ ਰੁਪਿਆ ਕੌਲਾਂ ਨੇ ਆਪਣੇ ਪਾਸੋਂ 'ਤੇ ਬਾਕੀ ਗੁਰੂ ਜੀ ਨੇ ਆਪਣੇ ਪਾਸੋਂ ਦਿੱਤਾ। ਸੰਨ 1624 ਈ: ਵਿਚ ਇਸ ਸਰੋਵਰ ਨੂੰ ਆਰੰਭ ਕਰਕੇ 1627 ਈ: ਤੱਕ ਪੂਰਾ ਤਿਆਰ ਕੀਤਾ ਗਿਆ। ਬਾਬਾ ਬੁੱਢਾ ਜੀ ਇਸ ਦੀ ਸੇਵਾ ਕਰਵਾਉਂਦੇ ਰਹੇ। ਇਸ ਦੇ ਤਿਆਰ ਹੋ ਜਾਣ ਮਗਰੋਂ ਇਹ ਮਰਿਯਾਦਾ ਚੱਲ ਪਈ ਕਿ

ਯਾਤਰੂ ਤੇ ਸ਼ਰਧਾਲੂ ਪਹਿਲਾਂ ਕੌਲਸਰ ਵਿੱਚ ਇਸ਼ਨਾਨ ਕਰਦੇ ਤੇ ਫਿਰ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਤੇ ਇਸ ਤਰ੍ਹਾਂ ਇਸ਼ਨਾਨ ਕਰਨ ਵਿਚ ਬਹੁਤ ਮਹਾਤਮ ਸਮੱਝਿਆ ਜਾਂਦਾ।

**ਗੁਰਦੁਆਰਾ ਸੰਤੋਖਸਰ:-** ਸਿਟੀ ਕੋਤਾਵਲੀ ਦੇ ਸਾਹਮਣੇ ਸੁਸ਼ੋਭਿਤ ਗੁਰਦੁਆਰਾ ਸੰਤੋਖਸਰ ਬਾਰੇ ਇਕ ਮਤ ਅਨੁਸਾਰ ਇੱਕ ਦਿਨ ਭਾਈ ਸੰਤੋਖਾ ਨਾਮੀ ਪਿਸ਼ੌਰੀ ਸਿੱਖ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਆਇਆ। ਉਸ ਨੇ ਢਾਈ ਸੌ ਮੋਹਰ ਗੁਰੂ ਜੀ ਦੇ ਚਰਨਾਂ ਵਿੱਚ ਭੇਟਾ ਕੀਤੀ ਤੇ ਅਰਜ ਕੀਤੀ, "ਮਹਾਰਾਜ, ਮੇਰੇ ਘਰ ਕੋਈ ਸੰਤਾਨ ਨਹੀਂ ਹੈ। ਆਪ ਮੇਰਾ ਨਾਮ ਜਗਤ ਵਿੱਚ ਕਾਇਮ ਰਖਣ ਦੀ ਕ੍ਰਿਪਾਲਤਾ ਕਰੋ। " ਗੁਰੂ ਮਹਾਰਾਜ ਨੇ ਕਿਹਾ ਕਿ ਇਨ੍ਹਾ ਰੁਪਿਆਂ ਨਾਲ ਅਸੀ ਇੱਥੇ ਇਕ ਸਰੋਵਰ ਪੁਟਾ ਦੇਦੇਂ ਹਾਂ, ਜਿਸ ਤੋਂ ਲੱਖਾ ਜੀਵਾਂ ਨੂੰ ਲਾਭ ਪੁੱਜੇਗਾ ਤੇ ਤੇਰਾ ਨਾਮ ਵੀ ਅਟਲ ਰਹੇਗਾ। ਗੁਰੂ ਜੀ ਨੇ ਉਸ ਮਾਇਆ ਨਾਲ 1584 ਈ: ਵਿਚ ਸਰੋਵਰ ਪੁੱਟਣਾ ਆਰੰਭਿਆ ਤੇ ਇਸਦਾ ਨਾਮ ਸੰਤੋਖਸਰ ਰੱਖਿਆ। ਸੰਤੋਖਸਰ ਦੇ ਬਿਲਕੁਲ ਕੋਲ ਗੁਰਦੁਆਰਾ ਸਾਹਿਬ ਹੈ। ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਜਦੋਂ ਗੁਰੂ ਗੁਰੂ ਰਾਮਦਾਸ ਜੀ ਨੇ ਸੰਤੋਖਸਰ ਖੁਦਵਾਇਆ ਤਾਂ ਉਦੋਂ ਇੱਥੇ ਸਿਰਫ ਇੱਕ ਛੱਪੜੀ ਤੇ ਬਹੁਤ ਸਾਰੇ ਘਣੇ ਦਰਖੱਤ ਸਨ। ਗੁਰੂ ਰਾਮਦਾਸ ਜੀ ਇੱਥੇ ਮੌਜੂਦ ਇੱਕ ਟਾਹਲੀ ਹੇਠ ਬੈਠ ਕੇ ਉਸਾਰੀ ਦੇ ਕੰਮਾਂ ਦੀ ਦੇਖ-ਦੇਖ ਕਰਦੇ ਸਨ।

ਗੁਰਦੁਆਰਾ ਸ੍ਰੀ ਰਾਮਸਰ:- ਇਹ ਅਸਥਾਨ ਚਾਟੀਵਿੰਡ ਗੇਟ ਦੇ ਅੰਦਰਵਾਰ ਹੈ। ਪਹਿਲਾਂ ਇਸ ਅਸਥਾਨ ਤੇ ਪੰਚਵਟੀ ਬੇਰੀ, ਬੋਹੜ, ਪਿੱਪਲ, ਟਾਹਲੀ ਅਤੇ ਅੰਬ ਦੇ ਦਰਖ਼ਤ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਬੇਰੀ ਦੇ ਦਰਖ਼ਤ ਦੇ ਹੇਠਾ ਮੰਜੀ ਸਾਹਿਬ ਵਿਖੇ ਬਿਰਾਜ ਕੇ ਸੁਖਮਨੀ ਸਾਹਿਬ ਦਾ ਉਚਾਰਨ ਕੀਤਾ। 1602 ਈ: ਵਿਚ ਇੱਕ ਸਰੋਵਰ ਤਿਆਰ ਕਰਵਾਇਆ। ਸਰੋਵਰ ਤਿਆਰ ਹੋ ਜਾਣ 'ਤੇ ਇਸ਼ ਸ਼ਾਤ ਮਾਹੌਲ ਵਿੱਚ ਗੁਰੂ ਨਾਨਕ ਦੇਵ ਜੀ ਤੇ ਲੈ ਕੇ ਗੁਰੂ ਰਾਮਦਾਸ ਜੀ ਤੱਕ ਦੀ ਸਾਰੀ ਇਲਾਹੀ ਬਾਣੀ ਦੀਆਂ ਪੋਥੀਆਂ ਲਿਆ ਕੇ, ਭਾਈ ਗੁਰਦਾਸ ਜੀ ਰਾਹੀਂ, ਗੁਰੂ ਸਾਹਿਬਾਨ ਦੀ ਉਚਾਰਨ ਕੀਤੀ ਬਾਣੀ, ਆਪਣੀ ਰਚੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਤਰਤੀਬ ਦੇ ਕੇ 'ਪੋਥੀ ਸਾਹਿਬ' ਆਦਿ ਗ੍ਰੰਥ ਤਿਆਰ ਕਰਵਾਇਆ। ਹੁਣ ਵੀ ਇੱਥੇ ਪੁਰਾਤਨ ਬੇਰੀ ਦਾ ਬਿਰਧ ਦਰਖਤ ਉਸ ਪਵਿੱਤਰ ਯਾਦ ਨੂੰ ਤਾਜ਼ਾ ਕਰ ਰਿਹਾ।

ਗੁਰਦੁਆਰਾ ਰਾਮ ਸਰਦੇ ਪਾਸ ਹੀ ਗੁਰੂ ਹਰਗੋਬਿੰਦ ਸਾਹਿਬ ਦੀ ਯਾਦਗਾਰ **'ਗੁਰਦੁਆਰਾ ਬਿਬੇਕਸਰ'** ਉਹ ਸਥਾਨ ਹੈ, ਜਿੱਥੇ ਗੁਰੂ ਜੀ ਏਕਾਂਤ ਥਾਂ ਤੇ ਬੈਠ ਕੇ ਬਿਬੇਕੀ ਸਿੰਘਾਂ ਨੂੰ ਬਿਬੇਕ ਦਾ ਉਪਦੇਸ਼ ਦਿੰਦੇ ਸਨ। ਪਹਿਲਾਂ ਇਸ ਸਥਾਨ ਤੇ ਛੋਟਾ ਜਿਹਾ ਗੁਰਦੁਆਰਾ ਸੀ, ਹੁਣ ਕਾਰ-ਸੇਵਾ ਵਾਲੇ ਸੰਤਾਂ ਨੇ ਪੁਰਾਣਾ ਗੁਰਦੁਆਰਾ ਢਾਹ ਕੇ ਖੁੱਲਾ ਤੇ ਸੁੰਦਰ ਗੁਰਦੁਆਰਾ ਤਿਆਰ ਕਰਵਾ ਦਿੱਤਾ ਹੈ।

**ਗੁਰਦੁਆਰਾ ਬੋਹੜੀ ਸਾਹਿਬ**:- ਇਹ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਯਾਦ ਵਿੱਚ ਸਥਾਪਿਤ ਹੈ। 1594 ਈ: ਵਿੱਚ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਵਡਾਲੀ ਚਲੇ ਗਏ। ਰਸਤੇ ਵਿੱਚ ਇੱਕ ਬੋਹੜ ਦੇ ਰੁੱਖ ਹੇਠਾਂ ਗੁਰੂ ਜੀ ਨੇ ਆਰਾਮ ਕੀਤਾ। ਇੱਥੇ ਇੱਕ ਬ੍ਰਹਮ ਗਿਆਨੀ ਮਸਤ ਰਾਮ ਗਊਆ ਚਾਰਿਆ ਕਰਦੇ ਸਨ। ਉਹ ਗਊਆਂ ਦਾ ਦੁੱਧ ਆਉਂਦੇ ਜਾਂਦੇ ਰਾਹੀਆਂ ਨੂੰ ਵਰਤਾਉਂਦੇ ਸਨ। ਇੱਥੇ ਉਸਾਰੇ ਗੁਰਦੁਆਰੇ ਦੀ ਨਾਮ **'ਬੋਹੜੀ ਸਾਹਿਬ'** ਰੱਖਿਆ।

**'ਛੇਹਰਟਾ ਸਾਹਿਬ'** ਵੀ ਪਿੰਡ ਵਡਾਲੀ ਦੇ ਕੋਲ ਹੈ। 1597 ਈ: ਵਿੱਚ ਗੁਰੂ ਅਰਜਨ ਦੇਵ ਜੀ ਨੇ ਇੱਥੇ ਇੱਕ ਖੂਹ ਲਗਵਾਇਆ ਸੀ, ਜਿਸ ਉੱਪਰ ਛੇਹਰਟ ਚੱਲਦੇ ਸਨ। ਇਸਦੇ ਨੇੜੇ ਹੀ ਗੁਰੂ ਅਰਜਨ ਦੇਵ ਜੀ ਦੇ ਬਿਰਾਜਾਣ ਦਾ ਸਥਾਨ ਗੁਰਦੁਆਰਾ **'ਮੰਜੀ ਸਾਹਿਬ'** ਹੈ। ਇੱਥੇ ਗੁਰੂ ਸਾਹਿਬ ਭਾਈ ਸਹਾਰੀ ਮੱਲ ਦੀ ਖੇਤੀ ਦੀ ਕਿਰਤ ਦੇਖਣ ਕਦੇ-ਕਦੇ ਆਇਆ ਕਰਦੇ ਸਨ, ਜੋ ਗੁਰੂ ਦੇ ਲੰਗਰ ਲਈ ਕਰਦਾ ਸੀ। ਗੁਰੂ ਸਾਹਿਬ ਨੇ ਇੱਥੇ ਤਿੰਨ ਹਰਟਾ ਖੂਹ ਲਗਵਾਇਆ ਸੀ।

**ਗੁਰਦੁਆਰਾ ਸੰਤਸਰ:-** ਰਾਜਾਸਾਂਸੀ ਹਵਾਈ ਅੱਡੇ ਦੇ ਅਹਾਤੇ ਦੇ ਅੰਦਰ ਸਥਾਪਿਤ ਗਰਦੁਆਰਾ ਸੰਤਸਰ ਭਾਰਤੀਆਂ ਦੇ ਨਾਲ-ਨਾਲ ਉਹਨਾਂ ਪਾਕਿਸਤਾਨੀ ਲੜਾਕੂ ਜਹਾਜਾਂ ਦੇ ਪਾਇਲਟਾਂ ਦੀ ਆਸਥਾ ਦਾ ਵੀ ਪ੍ਰਤਿਬਿੰਬ ਰਿਹਾ ਹੈ, ਜਿਨ੍ਹਾ ਨੇ 1965 ਅਤੇ 1974 ਦੇ ਹਿੰਦ-ਪਾਕਿ ਯੁੱਧਾ ਵਿੱਚ ਹਿੱਸਾ ਲਿਆ। ਇਸ ਹਵਾਈ ਅੱਡੇ ਨੂੰ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਬਾਬਾ ਜਵੰਦ ਸਿੰਘ ਦਾ ਅਸ਼ੀਰਵਾਦ ਪ੍ਰਾਪਤ ਹੈ। ਉਹ ਇਸ ਸਥਾਨ ਤੇ ਹਮੇਸ਼ਾ ਧਾਰਮਿਕ ਕੰਮਾਂ-ਕਾਰਾਂ ਅਤੇ ਭਜਨ-ਬੰਦਗੀ ਵਿੱਚ ਮਗਨ ਰਹਿੰਦੇ ਸਨ। ਸੰਨ 1921 ਵਿੱਚ ਬਾਬਾ ਜੀ ਦੇ ਸਵਰਗਵਾਸ ਹੋਣ ਤੋ ਬਾਅਦ ਉਨਾਂ ਦੇ ਸ਼ਰਧਾਲੂਆਂ ਨੇ ਉਸੇ ਸਥਾਨ ਤੇ ਉਨ੍ਹਾ ਦੀ ਯਾਦ ਵਿਚ ਇੱਕ ਗੁਰਦੁਆਰਾ ਬਣਵਾ ਦਿੱਤਾ।

ਹਵਾਈ ਅੱਡੇ ਨੂੰ ਵੱਡਾ ਕਰਨ ਅਤੇ ਹਵਾਈ ਸੈਨਾ ਦੀ ਹਵਾਈ ਪੱਟੀ ਦੇ ਨਿਰਮਾਣ ਦੇ ਕਾਰਨ ਗੁਰਦੁਆਰਾ ਹਵਾਈ, ਸੈਨਾ ਦੀ ਬਹੁਤ ਕਰੜੀ ਸੁਰੱਖਇਆ ਦੇ ਘੇਰੇ ਵਿੱਚ ਆ ਗਿਆ। ਇਸ ਪਾਸੇ ਜਾਣ ਦੀ ਸਖ਼ਤ ਮਨਾਹੀ ਹੈ, ਪਰ ਗੁਰਦੁਆਰੇ ਦੇ ਪ੍ਰਤੀ ਸ਼ਰਧਾਲੂਆਂ ਦੀ ਸ਼ਰਧਾ ਦੇਖਦੇ ਹੋਏ ਰੋਜਾਨਾ ਸਵੇਰੇ 6 ਤੋਂ 8 ਵਜੇ ਅਤੇ ਸੰਗ੍ਰਾਦ ਦੇ ਦਿਹਾੜੇ ਸਵੇਰੇ 6ਤੋ 12 ਵੱਜੇ ਤੱਕ ਗੁਰਦੁਆਰੇ ਦੇ ਅੰਦਰ ਜਾਣ ਦੀ ਸ਼ਰਧਾਲੂਆਂ ਨੂੰ ਖੁੱਲ ਰਹਿੰਦੀ ਹੈ। ਹਰ ਸਾਲ ਬਾਬਾ ਜੀ ਦੀ ਮਨਾਈ ਜਾਣ ਵਾਲੀ ਬਰਸੀ ਤੇ ਇੱਥੇ ਆਉਣ ਤੋ ਪਾਬੰਦੀ ਹਟਾ ਲਈ ਜਾਂਦੀ ਹੈ। ਪਰ ਹਵਾਈ ਪੱਟੀ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਕੈਮਰੇ ਨਾਲ ਤਸਵੀਰਾ ਆਦਿ ਲੈਣ ਦੀ ਮਨਜੂਰੀ ਨਹੀਂ ਦਿੱਤੀ ਜਾਂਦੀ।

**ਸਿੱਟਾ:-** ਇਸ ਤੋਂ ਸਪਸ਼ਟ ਹੈ ਕਿ ਅੰਮ੍ਰਿਤਸਰ ਦਾ ਇਤਿਹਾਸ ਸਮੁੱਚੇ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਦਾ ਧੁਰਾ ਹੈ। ਸਮੇਂ ਦੇ ਨਾਲ-ਨਾਲ ਅੰਮ੍ਰਿਤਸਰ ਵਿੱਚ ਅਨੇਕਾਂ ਪਰਿਵਰਤਨ ਆਏ, ਜਿਨ੍ਹਾਂ ਪਰਿਵਰਤਨਾਂ ਦੇ ਇਸ ਉੱਪਰ ਕਈ ਪ੍ਰਭਾਵ ਪਏ। ਗੁਰੂ ਸਾਹਿਬਾਨਾਂ ਦੇ ਸਮੇਂ ਇਹ ਇੱਕ ਸੰਘਣੀ ਆਬਾਦੀ ਵਾਲਾ ਪਿੰਡ ਸੀ। ਗੁਰੂ ਸਾਹਿਬਾਨਾ ਤੋਂ ਬਾਅਦ ਇਸ ਧਰਤੀ ਤੇ ਮੁਗਲਾਂ ਦਾ ਕਬਜਾ ਰਿਹਾ ਅਤੇ ਮੁਗਲਾਂ ਦੇ ਅੱਤਿਆਚਾਰਾਂ ਨੇ ਇਸ ਦੀ ਆਬਾਦੀ ਤੇ ਬਹੁਤ ਪ੍ਰਭਾਵ ਪਾਇਆ। ਅੰਮ੍ਰਿਤਸਰ ਨੇ ਅਸਲ ਤਰੱਕੀ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਹੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਪ੍ਰਮੁੱਖ ਵਪਾਰਕ ਕੇਂਦਰ ਬਣਾਉਣ ਦੇ ਨਾਲ-ਨਾਲ ਇੱਥੇ ਸ਼ਾਲਾਮਾਰ ਬਾਗ (ਲਾਹੌਰ) ਦੇ ਪੈਟਰਨ ਤੇ ਕਈ ਬਾਗ਼ ਅਤੇ ਕਈ ਖ਼ੂਬਸੂਰਤ ਮੰਦਿਰ-ਸ਼ਿਵਾਲੇ, ਗੁਰਦੁਆਰੇ ਮਸਜਿਦਾਂ ਅਤੇ ਕਈ ਹੋਰ ਮਹੱਤਵਪੂਰਨ ਇਤਿਹਾਸਿਕ ਇਮਾਰਤਾਂ ਦਾ ਨਿਰਮਾਣ ਕਰਵਾਇਆ। ਅੱਜ ਅੰਮ੍ਰਿਤਸਰ ਇੱਕ ਪ੍ਰਸਿੱਧ ਅਧਿਆਤਮਕ, ਸਮਾਜਿਕ, ਭਵਨ-ਨਿਰਮਾਣ ਕਲਾ ਅਤੇ ਵਪਾਰਿਕ ਕੇਂਦਰ ਦੇ ਪੱਖ ਤੋਂ ਬਹੁਤ ਹੀ ਪ੍ਰਸਿੱਧ ਹੈ।

## REFERENCES


1. Amritsar - S.S. Anmol, Punjabi university, Patiala, 2005
2. Amritsar Sifti Da Ghor - Dr. Jit Singh Sital, Guru Nank university press, Amritsar, 2000
3. Amritsar Past & Present - V.N. Datta, Amritsar : Municipal Commettee, 1967.
4. Amritsar a Study in Urban History-Anad Gauba, ABS Publications, 1988
5. History of the Punjab-S.M. Latif, Calcutta Central press Company limited, 1997
6. The Sikh People - Dr.Ganda Singh, Sheromani Gurdwara Parbandhak Commette, Amritsar, 1965.
7. Amritsar of Sikh Religion - Khazan Singh - 1914 A.D